**SET-4**

**Series AQ@QA/C**

**Q.P. Code** **6**

Roll No. | | | | | | | | |

Candidates must write the Q.P. Code on the title page of the answer-book.

- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ ਛਪੇ ਹੋਏ **6** ਪੰਨੇ ਹਨ ।
- ਪ੍ਰਸ਼ਨ ਪੱਤਰ ਵਿੱਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **15** ਪ੍ਰਸ਼ਨ ਹਨ ।
- **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।

- Please check that this question paper contains **6** printed pages.
- Q.P. Code given on the right hand side of the question paper should be written on the title page of the answer-book by the candidate.
- Please check that this question paper contains **15** questions.
- **Please write down the serial number of the question in the answer-book before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾ : 2 ਘੰਟੇ* — *ਪੂਰਨ ਅੰਕ : 40*

*Time allowed : 2 hours* — *Maximum Marks : 40*

***ਆਮ ਨਿਰਦੇਸ਼ :***

*ਹੇਠ ਲਿਖੇ ਨਿਰੇਦਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :*

- *ਇਸ ਪ੍ਰਸ਼ਨ-ਪੱਤਰ ਵਿੱਚ **ਤਿੰਨ** ਭਾਗ ਹਨ – ਵਿਆਕਰਨ, ਪ੍ਰਭਾਵਸ਼ਾਲੀ ਲਿਖਣ-ਕੌਸ਼ਲ ਅਤੇ ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ ।*
- ***ਭਾਗ ਪਹਿਲਾ** – 'ਵਿਆਕਰਨ' ਵਿੱਚ ਕੁੱਲ **ਦੋ (2)** ਪ੍ਰਸ਼ਨ ਹਨ, ਜਿਨ੍ਹਾਂ ਨੂੰ ਉਹਨਾਂ ਹੇਠ ਦਿੱਤੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ ।*
- ***ਭਾਗ ਦੂਜਾ** – 'ਪ੍ਰਭਾਵਸ਼ਾਲੀ ਲਿਖਣ-ਕੌਸ਼ਲ' ਵਿੱਚ **ਦੋ (2)** ਪ੍ਰਸ਼ਨ ਹਨ, ਜਿਨ੍ਹਾਂ ਨੂੰ ਉਹਨਾਂ ਹੇਠ ਦਿੱਤੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ ।*
- ***ਭਾਗ ਤੀਜਾ** – 'ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ' ਦਾ ਹੈ ਜਿਸ ਵਿੱਚ ਕੁੱਲ **ਗਿਆਰ੍ਹਾਂ (11)** ਪ੍ਰਸ਼ਨ ਹਨ । ਪ੍ਰਸ਼ਨਾਂ ਵਿੱਚ ਦਿੱਤੀਆਂ ਹਿਦਾਇਤਾਂ ਅਨੁਸਾਰ **ਸੱਤ (7)** ਪ੍ਰਸ਼ਨ ਹੱਲ ਕੀਤੇ ਜਾਣ ।*

**General Instructions :**

*Read the following instructions carefully and follow them :*

- *This question paper contains **three** sections – Grammar, Writing Skill and Text-Books Based Questions.*
- ***Part A** (Grammar) contains **two (2)** questions. Attempt both questions based on specific instructions given in the question itself.*
- ***Part B** (Writing Skill) consist **two (2)** questions. Attempt both questions based on specific instructions given in the question itself.*
- ***Part C** (Text-Books Based Questions) contains **11** questions. Attempt **7** questions as per the instructions given in the question itself.*

## ਭਾਗ ਪਹਿਲਾ : ਵਿਆਕਰਨ

**(PART A : Grammar)** *4+6=10*

ਅਗੇਤਰ – ਪਿਛੇਤਰ :

**1.** ਪੁੱਛੇ ਗਏ ਅਨੁਸਾਰ ਹੱਲ ਕਰੋ :

(i) ਹੇਠ ਲਿਖਿਆਂ ਵਿਚੋਂ ਕਿਸੇ ***ਦੋ (2)*** ਅਗੇਤਰਾਂ ਨੂੰ ਵਰਤ ਕੇ ਦੋ–ਦੋ ਸ਼ਬਦ ਬਣਾਓ :

ਦੂਰ, ਨਿਰ, ਮਨ

(ii) ਹੇਠ ਲਿਖਿਆਂ ਵਿਚੋਂ ਕਿਸੇ ***ਦੋ (2)*** ਪਿਛੇਤਰਾਂ ਨੂੰ ਵਰਤ ਕੇ ਦੋ–ਦੋ ਸ਼ਬਦ ਬਣਾਓ :

ਆਕਲ, ਨਾਕ, ਦਾਰ *2+2=4*

**2.** ਹੇਠ ਲਿਖਿਆਂ ਵਿਚੋਂ ਕਿਸੇ ***ਛੇ (6)*** ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ : *6×1=6*

ਜੁੱਤੀਆਂ ਭਿਉਂ–ਭਿਉਂ ਮਾਰਨੀਆਂ, ਜ਼ਬਾਨ ਦੇਣੀ, ਚਿੜੀ ਨਾ ਫੜਕਣੀ, ਚਾਦਰ ਵੇਖ ਕੇ ਪੈਰ ਪਸਾਰਨਾ, ਛੱਪਰ ਫਾੜ ਕੇ ਦੇਣਾ, ਛੱਕੇ ਛੁਡਾਉਣੇ, ਝੱਖ ਮਾਰਨਾ, ਝੂਠ ਦੇ ਪਹਾੜ ਉਸਾਰਨੇ

## ਭਾਗ ਦੂਜਾ : ਪ੍ਰਭਾਵਸ਼ਾਲੀ ਲਿਖਣ–ਕੌਸ਼ਲ

**(PART B : Writing Skill)** *8+7=15*

**3.** ਹੇਠ ਲਿਖਿਆਂ ਵਿਚੋਂ ਕਿਸੇ ***ਇੱਕ (1)*** ਵਿਸ਼ੇ ਉਤੇ 200 ਸ਼ਬਦਾਂ ਦਾ ਲੇਖ ਲਿਖੋ : *1×8=8*

(i) ਸਾਡੀਆਂ ਸਮਾਜਕ ਕੁਰੀਤੀਆਂ

ਜਾਣ–ਪਛਾਣ ....... ਭੂਮਿਕਾ ....... ਦਾਜ ਦੀ ਕੁਰੀਤੀ ....... ਵਿਆਹ ਸਮੇਂ ਫ਼ਜ਼ੂਲ ਖ਼ਰਚੀ ....... ਲੋਕ ਵਿਖਾਵਾ ....... ਪਕਵਾਨਾਂ ਦੀ ਬਰਬਾਦੀ ....... ਮੰਗਣ ਦੀ ਬੁਰਾਈ ....... ਭਰੂਣ ਹੱਤਿਆ ....... ਵਹਿਮਾਂ–ਭਰਮਾਂ ਵਿੱਚ ਵਿਸ਼ਵਾਸ ....... ਮਿਲਾਵਟਖੋਰੀ ....... ਰਿਸ਼ਵਤਖੋਰੀ ....... ਬੇਰੁਜ਼ਗਾਰੀ ....... ਨਸ਼ਿਆਂ ਦੀ ਲਾਹਣਤ ....... ਚੋਰੀ–ਡਕੈਤੀ ....... ਬਣਾਵਟੀਪਣ ....... ਸਾਰੰਸ਼

(ii) ਵਿਸਾਖੀ ਦਾ ਮੇਲਾ

ਜਾਣ-ਪਛਾਣ ....... ਭੂਮਿਕਾ ....... ਸੱਭਿਆਚਾਰਕ ਮਹੱਤਤਾ ....... ਇਤਿਹਾਸਕ ਮਹੱਤਤਾ ....... ਮੇਲੇ ਦਾ ਮਹੌਲ ....... ਸੱਭਿਆਚਾਰਕ ਮਹੌਲ ....... ਮਨੋਰੰਜਨ ....... ਖਾਣ-ਪਾਣ ....... ਸਾਰੰਸ਼

(iii) ਜੈਸੀ ਸੰਗਤ ਵੈਸੀ ਰੰਗਤ

ਜਾਣ-ਪਛਾਣ ....... ਮਨੁੱਖ ਅਤੇ ਉਸ ਦੀ ਸੰਗਤ ....... ਪਦਾਰਥਕ ਰੁੱਚੀਆਂ ਦਾ ਗੁਲਾਮ ਮਨੁੱਖ ....... ਚੰਗੀ ਸੰਗਤ ਦੇ ਗੁਣ ....... ਚੰਗੀ ਸੰਗਤ ਸੋਭਾ ਦਾ ਕਾਰਨ ਬਣਦੀ ਹੈ ....... ਬੁਰੀ ਸੰਗਤ ਦੇ ਪ੍ਰਭਾਵ ....... ਮਨੁੱਖੀ ਚੇਤਨਤਾ ਦੀ ਲੋੜ ....... ਸਾਰੰਸ਼

**4.** ਤੁਹਾਡੇ ਇਲਾਕੇ ਵਿਚ ਕਰੋਨਾ ਦੀ ਬੀਮਾਰੀ ਤੋਂ ਬਚਾਅ ਲਈ ਵੈਕਸੀਨੇਸ਼ਨ ਦਾ ਕੈਂਪ ਲਗਾਉਣ ਲਈ ਸਿਹਤ ਵਿਭਾਗ ਦੇ ਡਾਇਰੈਕਟਰ ਨੂੰ ਇੱਕ ਪੱਤਰ ਲਿਖੋ । *1×7=7*

(ਕਰੋਨਾ ਦੀ ਬੀਮਾਰੀ ਦਾ ਫੈਲਣਾ ....... ਇਲਾਕੇ ਵਿਚ ਸਿਹਤ-ਸਹੂਲਤਾਂ ਦੀ ਘਾਟ ....... ਲੋਕਾਂ ਵਿਚ ਸਹਿਮ ਦਾ ਮਹੌਲ ....... ਅਫ਼ਵਾਹਾਂ ਕਾਰਨ ਲੋਕ ਪ੍ਰੇਸ਼ਾਨ ....... ਵੈਕਸੀਨੇਸ਼ਨ ਕੈਂਪ ਲਗਾਉਣ ਦੀ ਬੇਨਤੀ .......)

**ਜਾਂ (Or)**

ਆਪਣੇ ਮਕਾਨ ਮਾਲਕ ਨੂੰ ਮਕਾਨ ਦੀ ਮੁਰੰਮਤ ਕਰਵਾਉਣ ਲਈ ਪੱਤਰ ਲਿਖੋ :

(ਪਿਛਲੇ ਸੱਤ ਸਾਲ ਤੋਂ ਰਹਿ ਰਹੇ ....... ਮਕਾਨ ਮੁਰੰਮਤ ਦੀ ਮੰਗ ਕਰ ਰਿਹਾ ....... ਦੀਵਾਰਾਂ ਵਿੱਚ ਸੀਲਨ ....... ਫ਼ਰਸ਼ ਵਿੱਚ ਤ੍ਰੇੜਾਂ ....... ਰੰਗ ਰੋਗਨ ਖਰਾਬ ....... ਬਿਜਲੀ ਦੇ ਕਈ ਸਵਿੱਚ ਖਰਾਬ ....... ਦੁਰਘਟਨਾ ਦਾ ਡਰ ....... ਮੁਰੰਮਤ ਕਰਾਉਣ ਦੀ ਤਾਗ਼ੀਦ)

## ਭਾਗ ਤੀਜਾ : ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

**(PART C : Text-Books Based Questions)** *3+4+4+4=15*

***ਕਵਿਤਾਵਾਂ ਵਿਚੋ :***

*(ਪ੍ਰਸ਼ਨ ਨੰਬਰ **5** ਤੋਂ **8** ਤੱਕ ਵਿਚੋਂ ਕਿਸੇ **ਤਿੰਨ (3)** ਪ੍ਰਸ਼ਨਾਂ ਦੇ ਉੱਤਰ **ਇੱਕ-ਦੋ** ਸ਼ਬਦਾਂ ਵਿੱਚ ਦਿਉ)* *3×1=3*

**5.** ਗੁਰੂ ਅਰਜਨ ਦੇਵ ਜੀ ਦੀ ਬਾਣੀ ਅਨੁਸਾਰ ਪਰਮਾਤਮਾ ਦਾ ਸਿਮਰਨ ਕਰਕੇ ਕਿਹੜਾ ਆਨੰਦ ਮਿਲਦਾ ਹੈ ?

**6.** ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ 'ਸੀਤਲਾਇਆ' ਸ਼ਬਦ ਦਾ ਕੀ ਅਰਥ ਹੈ ?

**7.** 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਅਨੁਸਾਰ ਸ਼ੇਰ ਦੇ ਗਰਜਨ ਨਾਲ ਕੌਣ ਦੌੜ ਜਾਂਦੇ ਹਨ ?

**8.** 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਅਨੁਸਾਰ ਗੁਰੂ ਨਾਨਕ ਦੇਵ ਜੀ ਕਿਹੜੇ ਯੁੱਗ ਵਿੱਚ ਪ੍ਰਗਟ ਹੋਏ ?

***ਕਹਾਣੀ ਤੇ ਵਾਰਤਕ ਵਿਚੋਂ :***

*(ਪ੍ਰਸ਼ਨ ਨੰਬਰ **9** ਤੋਂ **11** ਤੱਕ ਵਿਚੋਂ ਕਿਸੇ **ਦੋ (2)** ਪ੍ਰਸ਼ਨਾਂ ਦੇ ਉੱਤਰ **20** ਤੋਂ **30** ਸ਼ਬਦਾਂ ਵਿੱਚ ਦਿਉ)* *2×2=4*

**9.** 'ਅੰਗ-ਸੰਗ' ਕਹਾਣੀ ਵਿਚ ਕਿਹੜੀ ਘਟਨਾ ਵਾਪਰੀ, ਜਿਸ ਕਰਕੇ ਘਰ ਵਿੱਚ ਹਨੇਰੇ ਵਾਤਾਵਰਨ ਵਰਗੀ ਚੁੱਪ ਛਾਈ ਹੋਈ ਸੀ ?

**10.** ਔਸਕਰ ਵਾਇਲਡ ਨੇ ਅਰਦਾਸ ਬਾਰੇ ਕੀ ਲਿਖਿਆ ?

**11.** ਪਹਿਲਵਾਨ ਨੇ ਬਾਬਿਆਂ ਦੀ ਭੈਣ ਨੂੰ ਕੀ ਨਜ਼ਰਾਨਾ ਪੇਸ਼ ਕੀਤਾ ?

***ਵਾਰਤਕ ਵਿਚੋਂ :***

*(ਪ੍ਰਸ਼ਨ ਨੰਬਰ **12** ਤੋਂ **13** ਵਿੱਚੋਂ ਕਿਸੇ **ਇੱਕ (1)** ਪ੍ਰਸ਼ਨ ਦਾ ਉੱਤਰ **50** ਤੋਂ **60** ਸ਼ਬਦਾਂ ਵਿੱਚ ਦਿਉ)* *1×4=4*

**12.** ਛਾਪੇ ਪਿੰਡ ਵਾਲਿਆਂ ਨੇ ਲੇਖਕ ਦੇ ਵਡੇਰਿਆਂ ਤੋਂ ਨਾਤਾ ਕਿਉਂ ਤੋੜ ਲਿਆ ?

**13.** ਸੁਕਰਾਤ ਨੇ ਪੈਨ ਦੇਵਤਾ ਅੱਗੇ ਕੀ ਅਰਦਾਸ ਕੀਤੀ ?

***ਇਕਾਂਗੀ ਵਿਚੋਂ:***

*(ਪ੍ਰਸ਼ਨ ਨੰਬਰ **14** ਤੋਂ **15** ਵਿੱਚੋਂ ਕਿਸੇ **ਇੱਕ (1)** ਪ੍ਰਸ਼ਨ ਦਾ ਉੱਤਰ **50** ਤੋਂ **60** ਸ਼ਬਦਾਂ ਵਿੱਚ ਦਿਉ)* *1×4=4*

**14.** ਨਿਹਾਲ ਕੌਰ ਆਪਣੀ ਨੂੰਹ ਤੋਂ ਮਾਫ਼ੀ ਕਿਉਂ ਮੰਗਦੀ ਹੈ ?

**15.** ਸੁਖਦੇਵ ਕੌਰ ਦੇ ਘਰੋਂ ਆਈ ਚਿੱਠੀ ਵਿੱਚ ਐਸਾ ਕੀ ਸੀ ? ਅਤੇ ਉਸ ਚਿੱਠੀ ਕਾਰਨ ਗੁਰਦਿੱਤ ਸਿੰਘ ਆਪਣੀ ਧੀ ਪ੍ਰਤੀ ਕੀ ਵਿਚਾਰ ਬਣਾਉਂਦਾ ਹੈ ?